ੴ ਵਾਹਿਗੁਰੂ ਜੀ ਕੀ ਫ਼ਤਹ ॥

# ਅਖੰਡ ਕੀਰਤਨੀ ਜੱਥਾ ਇੰਟਰਨੈਸ਼ਨਲ (ਰਜਿ.)

## Akhand Keertani Jatha International (Regd.)


Head Office: Ranglay Sajjan Memorial Charitable Trust (Regd.), Chownk Baba Sahib, Sri Amritsar

ਹੈਡ ਆਫਿਸ: ਰੰਗਲੇ ਸੱਜਣ ਮੈਮੋਰੀਅਲ ਟ੍ਰਸਟ (ਰਜਿ.), ਚੌਕ ਬਾਬਾ ਸਾਹਿਬ, ਸ੍ਰੀ ਅੰਮ੍ਰਿਤਸਰ

ਮੁੱਖ ਸੇਵਾਦਾਰ: ਜਥੇਦਾਰ ਬਖ਼ਸ਼ੀਸ ਸਿੰਘ ਜੀ


Ref. No.: AKJ/01/2017

January 9th, 2017

੨੭ ਪੋਹ, ਪ੪੮ ਨਾਨਕਸ਼ਾਹੀ

### ਆਪੂੰ ਬਣੇ ਅਖੌਤੀ 'ਜਥੇਦਾਰ' ਇਕਬਾਲ ਸਿੰਘ ਵਲੋਂ ੫ ਜਨਵਰੀ ੨੦੧੭ ਨੂੰ ਜਾਰੀ ਕੀਤਾ 'ਹੁਕਮਨਾਮਾ' ਅਖੰਡ ਕੀਰਤਨੀ ਜੱਥੇ ਵੱਲੋਂ ਰੱਦ

**ਕਾਜੀ ਹੋਏ ਰਿਸਵਤੀ ਵਢੀ ਲੈਕੇ ਹਕ ਗਵਾਈ ।। (ਵਾਰ, ਭਾ: ਗੁਰਦਾਸ ਜੀ)**

ਅਖੰਡ ਕੀਰਤਨੀ ਜਥਾ, ਤਖਤ ਸ੍ਰੀ ਪਟਨਾ ਸਾਹਿਬ ਦੇ ਅਖੌਤੀ ਜਥੇਦਾਰ ਇਕਬਾਲ ਸਿੰਘ ਵਲੋਂ, ੫ ਜਨਵਰੀ, ੨੦੧੭ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ੩੫੦ਵੇਂ ਅਵਤਾਰ ਪੁਰਬ ਦੇ ਮੌਕੇ ਤੇ ਜਾਰੀ ਕੀਤੇ ਗਏ ਅਖੌਤੀ ਹੁਕਮਨਾਮੇ ਨੂੰ ਪੂਰੀ ਤਰ੍ਹਾਂ ਰੱਦ ਕਰਦਾ ਹੈ।

੧) ਸ਼੍ਰੋਮਣੀ ਕਮੇਟੀ ਵਲੋਂ ਜਾਰੀ ਕੀਤੀ ਗਈ ਸਿਖ ਰਹਿਤ ਮਰਿਆਦਾ, ਸਿਖਾਂ ਨੂੰ ਇਕ ਪਲੇਟਫਾਰਮ ਤੇ ਰੱਖਣ ਲਈ ਇਕ ਮੁਢਲਾ ਦਸਤਾਵੇਜ਼ ਹੈ। ਇਸ ਵਿਚ ਕਿਸੇ ਤਰ੍ਹਾਂ ਦੀ ਵੱਡੀ ਜਾਂ ਛੋਟੀ ਤਰਮੀਮ ਕਰਨ ਦਾ ਕਿਸੇ ਇਕ ਵਿਅਕਤੀ ਜਾਂ ਸੰਸਥਾਂ ਨੂੰ ਕੋਈ ਅਧਿਕਾਰ ਨਹੀਂ ਹੈ ਕਿਉਂਕਿ ਇਹ ਇਤਿਹਾਸਕ ਦਸਤਾਵੇਜ਼ ਕਈ ਸਾਲਾਂ ਦੀ ਕਰੜੀ ਮਿਹਨਤ ਅਤੇ ਉਸ ਵੇਲੇ ਦੀਆਂ ਸਮੂਹ ਸੰਸਥਾਂਵਾਂ ਅਤੇ ਪ੍ਰਮੁਖ ਸਿਖ ਸ਼ਖਸੀਅਤਾਂ ਨਾਲ ਮਸ਼ਵਰੇ ਤੋਂ ਬਾਅਦ ਹੋਂਦ ਵਿਚ ਆਇਆ ਸੀ। ਅਖੌਤੀ ਜਥੇਦਾਰ ਇਕਬਾਲ ਸਿੰਘ ਵਲੋਂ ਪੰਥ ਦੀਆਂ ਪ੍ਰਮੁੱਖ ਜਥੇਬੰਦੀਆਂ ਅਤੇ ਸ਼ਖਸੀਅਤਾਂ ਨਾਲ ਸਾਲਾਹ ਮਸਲਤਿ ਕਰਨ ਤੋਂ ਬਿਨਾਂ, ਆਪਣੇ ਮਨ ਦੀ ਕੋਝੀ ਮਤਿ ਅਨੁਸਾਰ ਕਥਿਤ "ਹੁਕਮਨਾਮਾ" ਜਾਰੀ ਕਰਕੇ ਨਾ ਸਿਰਫ ਸਿਖਾਂ ਦੇ ਸਰਬ ਪ੍ਰਵਾਨਿਤ ਦਸਤਾਵੇਜ਼ ਨੂੰ ਹੀ ਰੱਦ ਕੀਤਾ ਗਿਆ ਹੈ ਬਲਕਿ ਸ੍ਰੀ ਅਕਾਲ ਤਖਤ ਸਾਹਿਬ ਨੂੰ ਵੀ ਚੁਣੌਤੀ ਦਿਤੀ ਗਈ ਹੈ ਕਿਉਂਕਿ ਸਾਰੇ ਪੰਥ ਤੇ ਲਾਗੂ ਹੋਣ ਵਾਲੇ ਫੈਸਲੇ ਕੇਵਲ ਤੇ ਕੇਵਲ ਸ੍ਰੀ ਅਕਾਲ ਤਖਤ ਸਾਹਿਬ ਤੋਂ, ਪੰਥ ਦੀਆਂ ਸਮੂਹ ਜਥੇਬੰਦੀਆਂ ਅਤੇ ਵਿਦਵਾਨਾਂ ਦੀ ਸਾਲਾਹ ਨਾਲ ਹੀ ਜਾਰੀ ਕੀਤੇ ਜਾ ਸਕਦੇ ਹਨ।

੨) ੧੯ ਨਵੰਬਰ, ੨੦੦੩ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਦੀ ਅਗਵਾਈ ਵਿਚ ਅਤੇ ਤਖਤ ਸ੍ਰੀ ਕੇਸਗੜ੍ਹ ਦੇ ਜਥੇਦਾਰ ਭਾਈ ਤਰਲੋਚਨ ਸਿੰਘ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਬਲਵੰਤ ਸਿੰਘ ਨੰਦਗੜ੍ਹ, ਤਖਤ ਸ੍ਰੀ ਹਜ਼ੂਰ ਸਾਹਿਬ ਦੇ ਨੁਮਾਇੰਦੇ ਭਾਈ ਰਤਨ ਸਿੰਘ ਅਤੇ ਤਖਤ ਸ੍ਰੀ ਪਟਨਾ ਸਾਹਿਬ ਦੇ ਉਸ ਵੇਲੇ ਦੇ ਜਥੇਦਾਰ ਇਕਬਾਲ ਸਿੰਘ ਵਲੋਂ ਇਹ ਨਿਰਦੇਸ਼ ਜਾਰੀ ਕੀਤਾ ਗਿਆ ਸੀ ਕਿ ਸਮੁੱਚੇ ਪੰਥ ਤੇ ਲਾਗੂ ਹੋਣ ਵਾਲਾ ਹੁਕਮਨਾਮਾ ਕੇਵਲ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੀ ਜਾਰੀ ਕੀਤਾ ਜਾ ਸਕਦਾ ਹੈ। ਨੋਟ ਕਰਨ ਵਾਲੀ ਗੱਲ ਇਹ ਹੈ ਕਿ ਇਸ ਨਿਰਦੇਸ਼ ਤੇ ਇਕਬਾਲ ਸਿੰਘ ਦੇ ਵੀ ਦਸਤਖਤ ਹਨ ਪਰ ਹੁਣ ੫ ਜਨਵਰੀ, ੨੦੧੭ ਨੂੰ ਇਸ ਵਲੋਂ ਜਾਰੀ ਕੀਤੇ ਅਖੌਤੀ ਹੁਕਮਨਾਮੇ ਨਾਲ ਨਾ ਸਿਰਫ ਸ੍ਰੀ ਅਕਾਲ ਤਖਤ ਸਾਹਿਬ ਦੇ ਨਿਰਦੇਸ਼ ਦੀ ਉਲੰਘਣਾ ਹੁੰਦੀ ਹੈ ਬਲਕਿ ਇਸਦੇ ਆਪਣੇ ਕੀਤੇ ਦੇ ਵੀ ਉਲਟ ਕੰਮ ਹੋਇਆ ਹੈ ਪਰ ਕੂੜੇ ਮਨੁੱਖ ਦਾ ਕੋਈ ਸਟੈਂਡ

ਨਹੀਂ ਹੁੰਦਾ। ਇਹ ਸ਼ਖਸ ਜਾਣਬੁੱਝ ਕੇ ਕੌਮ ਨੂੰ ਭੰਬਲਭੂਸੇ ਵਿਚ ਪਾਉਣ ਦਾ ਯਤਨ ਕਰ ਰਿਹਾ ਹੈ। ਇਸਨੂੰ ਭਲੀ ਭਾਂਤਿ ਪਤਾ ਹੈ ਕਿ ਇਸ ਵਲੋਂ ਜਾਰੀ ਕੀਤੇ ਕੂੜਨਾਮੇ ਦੀ ਪੰਥ ਵਿਚ ਕੋਈ ਕੀਮਤ ਨਹੀਂ ਹੈ ਪਰ ਫੇਰ ਵੀ ਆਪਣੇ ਆਕਿਆਂ ਦੀ ਆਗਿਆ ਦਾ ਪਾਲਨ ਕਰਦਾ ਹੋਇਆ ਇਹ ਵਿਅਕਤੀ ਪੰਥ ਵਿਚ ਫੁੱਟ ਪਾਉਣ ਦੇ ਉਦੇਸ਼ ਨਾਲ ਅਜਿਹੇ ਬਿਆਨ ਜਾਰੀ ਕਰਦਾ ਰਹਿੰਦਾ ਹੈ। ਸ੍ਰੀ ਅਕਾਲ ਤਖਤ ਸਾਹਿਬ ਤੋਂ ਬਿਨਾਂ ਹੋਰ ਤਖਤਾਂ ਤੇ ਸਥਾਨਕ ਮਸਲੇ ਤਾਂ ਵਿਚਾਰੇ ਜਾ ਸਕਦੇ ਹਨ ਪਰ ਸਮੁੱਚੇ ਪੰਥ ਤੇ ਲਾਗੂ ਹੋਣ ਵਾਲੇ ਫੈਸਲੇ ਕੇਵਲ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੀ ਜਾਰੀ ਕੀਤੇ ਜਾ ਸਕਦੇ ਹਨ। ਜੇਕਰ ਪ੍ਰਵਾਨਿਤ ਸਿਖ ਰਹਿਤ ਮਰਿਆਦਾ ਵਿਚ ਕੋਈ ਤਰਮੀਮ ਕਰਨ ਦੀ ਲੋੜ ਹੋਵੇ ਜਾਂ ਗੁਰਮਤਿ ਮਰਿਆਦਾ ਨਾਲ ਸੰਬੰਧਤ ਕੋਈ ਹੋਰ ਅਹਿਮ ਫੈਸਲਾ ਕਰਨਾ ਹੋਵੇ ਤਾਂ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੀ ਸਾਲਾਹ ਨਾਲ ਅਤੇ ਸਮੂਹ ਪੰਥਕ ਜਥੇਬੰਦੀਆਂ ਅਤੇ ਵਿਦਵਾਨਾਂ ਦੀ ਸਰਬਸੰਮਤੀ ਨਾਲ ਹੀ ਕੋਈ ਫੈਸਲਾ ਕੀਤਾ ਜਾ ਸਕਦਾ ਹੈ। ਇਕਬਾਲ ਸਿੰਘ ਵਲੋਂ ੫ ਜਨਵਰੀ, ੨੦੧੭ ਨੂੰ ਜਾਰੀ ਕੀਤਾ ਗਿਆ ਬਿਆਨ ਕਿਉਂਕਿ ਪੰਥਕ ਮਰਿਆਦਾ ਦੇ ਉਲਟ ਹੈ, ਇਸ ਕਰਕੇ ਇਹ ਇਕਬਾਲ ਸਿੰਘ ਦਾ ਨਿਜ ਬਿਆਨ ਹੀ ਹੈ, ਪੰਥਕ ਹੁਕਮਨਾਮਾ ਨਹੀਂ ਬਿਲਕੁਲ ਅਖਵਾ ਸਕਦਾ।

੩) ਪੰਥ ਵਿਚ ਫੁੱਟ ਪਾਉਣ ਦੇ ਮਕਸਦ ਨਾਲ, ਇਕਬਾਲ ਸਿੰਘ ਨੇ ਬੜੀ ਚਾਲਾਕੀ ਨਾਲ ਉਹ ਮਸਲੇ ਦੁਬਾਰਾ ਛੇੜਣ ਦੀ ਕੋਸ਼ਿਸ਼ ਕੀਤੀ ਹੈ ਜੋ ਪੰਥ ਵਲੋਂ ਹੱਲ ਕੀਤੇ ਜਾ ਚੁਕੇ ਹਨ। ਰਾਗਮਾਲਾ ਬਾਰੇ ਬਹੁਤ ਸਪਸ਼ਟ ਤੌਰ ਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ, ਸਿਖ ਰਹਿਤ ਮਰਿਆਦਾ ਦੇ ਰੂਪ ਵਿਚ, ਹੁਕਮ ਦਿਤਾ ਜਾ ਚੁਕਾ ਹੈ ਕਿ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਮੁੰਦਾਵਣੀ ਜਾਂ ਰਾਗਮਾਲਾ ਤੇ ਸਥਾਨਕ ਰੀਤੀ ਅਨੁਸਾਰ ਪਾਇਆ ਜਾ ਸਕਦਾ ਹੈ। ਇਸ ਫੈਸਲੇ ਅਨੁਸਾਰ ਪੰਥਕ ਜਥੇਬੰਦੀਆਂ ਵਿਚ ਆਪਸੀ ਖਿਚੋਤਾਣ ਖਤਮ ਹੋ ਗਈ ਸੀ ਪਰ ਇਕਬਾਲ ਸਿੰਘ ਵਰਗੇ ਲੋਕਾਂ ਨੂੰ ਪੰਥ ਵਿਚ ਸ਼ਾਂਤੀ ਦਾ ਮਾਹੌਲ ਚੰਗਾ ਨਹੀਂ ਲਗਦਾ ਜਿਸ ਕਰਕੇ ਉਹ ਅਸ਼ਾਂਤੀ ਫੈਲਾਉਣ ਲਈ ਕੁਝ ਨਾ ਕੁਝ ਕਰਦੇ ਰਹਿੰਦੇ ਹਨ। ਇਸੇ ਤਰ੍ਹਾਂ ਹੀ ਅੰਮ੍ਰਿਤ ਸਿੰਚਾਰ ਨਾਲ ਸੰਬੰਧਤ ਬਾਣੀਆਂ ਅਤੇ ਦਸਮ ਬਾਣੀ ਬਾਰੇ ਪੰਥ ਵਿਚ ਪੂਰੀ ਸਪਸ਼ਟਤਾ ਹੈ। ਸਾਰੇ ਹੀ ਗੁਰੂ ਸਾਹਿਬਾਨ ਦੀ ਬਾਣੀ ਗਾਇਣ ਕਰਨ ਦੀ ਇਜਾਜ਼ਤਮਈ ਤਾਕੀਦ ਹੈ। ਇਤਨੀ ਸਪਸ਼ਟਤਾ ਹੁੰਦਿਆਂ ਹੋਇਆਂ ਇਕਬਾਲ ਸਿੰਘ ਵਲੋਂ ਗੁਰੂ ਸਾਹਿਬ ਦੇ ੩੫੦ਵੇਂ ਗੁਰਪੁਰਬ ਤੇ ਸੰਗਤਾਂ ਵਿਚ ਫੁੱਟ ਪਾਉਣ ਦੇ ਮਕਸਦ ਨਾਲ ਇਹ ਬੇਲੋੜਾ ਅਤੇ ਅਖੌਤੀ "ਹੁਕਮਨਾਮਾ" ਜਾਰੀ ਕੀਤਾ ਗਿਆ ਹੈ ਜਿਸ ਤੋਂ ਉਸਦੀ ਅਸਲ ਮਨਸ਼ਾ ਸਾਹਮਣੇ ਆ ਗਈ ਹੈ ਕਿ ਉਹ ਭੋਲੀਆਂ ਭਾਲੀਆਂ ਸੰਗਤਾਂ ਨੂੰ ਗੁਮਰਾਹ ਕਰਕੇ ਆਪਸ ਵਿਚ ਲੜਾਉਣਾ ਚਾਹੁੰਦਾ ਹੈ।

੪) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਤੇ ਸ਼ੰਕਾ ਵਿਅਕਤ ਕਰਨਵਾਲੇ ਅਨਸਰ ਨਿਸੰਦੇਹ ਪੰਥ ਦਾ ਨੁਕਸਾਨ ਕਰ ਰਹੇ ਹਨ ਜਿਸ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਇਸ ਬਾਰੇ ਆਦੇਸ਼ ਜਾਰੀ ਹੋ ਚੁਕੇ ਹਨ ਪਰ ਦਸਮ ਗ੍ਰੰਥ ਦੇ ਨਵੀਨ ਮਸਲੇ ਨਾਲ ਸਦੀਆਂ ਪੁਰਾਣੇ ਰਾਗਮਾਲਾ ਦੇ ਸਮਲੇ ਨੂੰ ਰਲਗੱਡ ਕਰਨ ਨਾਲ ਇਕਬਾਲ ਸਿੰਘ ਨੇ ਇਕ ਡੂੰਘੀ ਸਾਜਿਸ਼ ਅਧੀਨ ਰਾਗਮਾਲਾ ਨਾ ਪੜ੍ਹਨ ਵਾਲੇ ਗੁਰਮਖਾਂ ਨੂੰ ਦਸਮ ਗ੍ਰੰਥ ਦਾ ਵਿਰੋਧ ਕਰਨਵਾਲਿਆਂ ਨਾਲ ਰਲਾਉਣ ਦਾ ਨੀਚ ਯਤਨ ਕੀਤਾ ਹੈ ਤਾਂ ਕੇ ਪੰਥ ਦੀਆਂ ਸਤਿਕਾਰਤ ਜਥੇਬੰਦੀਆਂ ਅਤੇ ਪੁਰਾਤਨ ਗੁਰਮੁਖਾਂ ਨੂੰ ਦਾਗ਼ੀ ਕੀਤਾ ਜਾ ਸਕੇ। ਪਹਿਲਾਂ ਵੀ ਇਸ ਸ਼ਖਸ ਵਲੋਂ ਅਤੇ ਹੋਰ ਦੋਖੀਆਂ ਵਲੋਂ ਪੰਥ ਦੀ ਸ਼ਕਤੀ ਨੂੰ ਖੇਰੂੰ ਖੇਰੂੰ ਕਰਨ ਲਈ ਪੰਥਕ ਜਥੇਬੰਦੀਆਂ ਅਤੇ ਗੁਰੂ ਸਾਹਿਬ ਜੀ ਦੇ ਮਨਜ਼ੂਰੇ ਨਜ਼ਰ ਗੁਰਮੁਖਾਂ ਤੇ ਚਿਕੜ ਸੁੱਟਣ ਲਈ ਰਾਗਮਾਲਾ ਵਰਗੇ ਮਸਲੇ ਖੜੇ ਕੀਤੇ ਜਾਂਦੇ ਰਹੇ ਹਨ। ਜੇਕਰ ਇਥੇ ਉਹਨਾਂ ਗੁਰਮੁਖਾਂ ਦੇ ਨਾਂ ਲਿਖਣ ਲਗੀਏ ਜੋ ਕਿ ਰਾਗਮਾਲਾ ਵਿਚ ਯਕੀਨ ਨਹੀਂ ਸਨ ਰਖਦੇ ਤਾਂ ਥਾਂ ਥੋੜੀ ਪੈ ਜਾਣੀ ਹੈ। ਮਹਾਂਕਵੀ ਸੰਤੋਖ ਸਿੰਘ, ਗਿਆਨੀ ਗਿਆਨ ਸਿੰਘ (ਕਰਤਾ ਪੰਥ ਪ੍ਰਕਾਸ਼), ਧੁਰੰਦਰ ਨਿਰਮਲੇ ਵਿਦਵਾਨ ਪੰਡਿਤ ਤਾਰਾ ਸਿੰਘ ਨਰੋਤਮ, ਸਿੰਘ ਸਭਾ ਲਹਿਰ ਦੇ ਮੋਢੀ ਪ੍ਰੋਫੈਸਰ ਗੁਰਮੁਖ ਸਿੰਘ ਅਤੇ ਗਿਆਨੀ ਦਿਤ ਸਿੰਘ, ਲਾਸਾਨੀ ਵਿਦਵਾਨ ਅਤੇ ਅਦੁਤੀ ਗੁਰਮੁਖਿ ਪੰਡਿਤ ਕਰਤਾਰ ਸਿੰਘ ਜੀ ਦਾਖਾ, ਰਹੱਸਵਾਦੀ ਗੁਰਮੁਖਿ ਅਤੇ ਸੁਤੰਤਰਤਾ ਸੰਗ੍ਰਾਮੀ ਭਾਈ ਸਾਹਿਬ ਰਣਧੀਰ ਸਿੰਘ ਜੀ, ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ, ਦਰਪਣ ਦੇ

ਕਰਤਾ ਪ੍ਰੋਫੈਸਰ ਸਾਹਿਬ ਸਿੰਘ, ਪ੍ਰਿੰਸੀਪਲ ਗੰਗਾ ਸਿੰਘ, ਗਿਆਨੀ ਸ਼ੇਰ ਸਿੰਘ, ਡਾਕਟਰ ਗੰਡਾ ਸਿੰਘ, ਡਾਕਟਰ ਪਿਆਰਾ ਸਿੰਘ ਪਦਮ, ਸੰਤ ਗਿਆਨ ਸਿੰਘ ਬਬਰ ਅਕਾਲੀ, ਭਾਈ ਫੌਜਾ ਸਿੰਘ ਸਾਰਖੇ ਅਣਖੀਲੇ ਅਤੇ ਮਹਾਨ ਸ਼ਹੀਦ ਅਤੇ ਹੋਰ ਅਣਗਿਣਤ ਗੁਰਮੁਖਿ ਪਿਆਰੇ ਰਾਗਮਾਲਾ ਨੂੰ ਗੁਰਕ੍ਰਿਤ ਨਹੀਂ ਮੰਨਦੇ ਸਨ। ਇਕਬਾਲ ਸਿੰਘ ਵਲੋਂ ਜਾਰੀ ਸ਼ਰਮਨਾਕ ਕੂੜ੍ਹਨਾਮੇ ਵਿਚ ਰਾਗਮਾਲਾ ਨਾ ਪੜ੍ਹਨ ਕਰਕੇ, ਉਪਰੋਕਤ ਵਿਦਵਾਨਾਂ ਅਤੇ ਗੁਰਮੁਖਾਂ ਦਾ ਬਾਇਕਾਟ ਕਰਨ ਲਈ ਸੱਦਾ ਦੇਣਾ ਪੰਥ ਦੀਆਂ ਜੜ੍ਹਾਂ ਵਿਚ ਤੇਲ ਪਾਉਣ ਵਾਲਾ ਅਤੇ ਧ੍ਰੋਹ ਕਮਾਉਣ ਵਾਲਾ ਕੰਮ ਹੈ। ਇਸਦੀ ਜਿੰਨੀ ਨਿਖੇਧੀ ਹੋਵੇ ਉਨੀ ਹੀ ਘੱਟ ਹੈ।

੫) ਯਾਦ ਰਹੇ ਕਿ ਰਾਗਮਾਲਾ ਦੇ ਸੰਬੰਧ ਵਿਚ, ਸਿੱਖ ਰਹਿਤ ਮਰਿਆਦਾ ਵਿਚ ਖ਼ਾਲਸਾ ਪੰਥ ਨੂੰ ਬਹੁਤ ਸਪੱਸ਼ਟ ਨਿਰਦੇਸ਼ ਹੈ। ਸ੍ਰੀ ਅਕਾਲ ਤਖਤ ਸਾਹਿਬ ਦੀ ਧਾਰਮਿਕ ਸਲਾਹਕਾਰ ਕਮੇਟੀ ਵੱਲੋਂ ਜਥੇਦਾਰ ਭਾਈ ਮੋਹਣ ਸਿੰਘ ਦੀ ਅਗਵਾਈ ਹੇਠ ਵਿਚਾਰ ਚਰਚਾ ਤੋਂ ਬਾਅਦ ੧੨ ਅਕਤੂਬਰ ੧੯੩੬ ਨੂੰ ਅਤੇ ਦੁਬਾਰਾ ੨੯ ਅਕਤੂਬਰ ੧੯੪੫ ਵਿੱਚ ਸਪੱਸ਼ਟ ਕੀਤਾ ਗਿਆ ਸੀ ਕਿ "ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਾਧਾਰਨ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉੱਤੇ ਜਾਂ ਰਾਗਮਾਲਾ ਪੜ੍ਹ ਕੇ ਚਲਦੀ ਸਥਾਨਕ ਰੀਤੀ ਅਨੁਸਾਰ ਪਾਇਆ ਜਾਵੇ" । ਪੁਰਾਤਨ ਸਮੇਂ ਤੋਂ ਸਥਾਪਤ ਖ਼ਾਲਸਾ ਪਰੰਪਰਾ ਮੁਤਾਬਕ ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਨਨਕਾਣਾ ਸਾਹਿਬ ਅਤੇ ਸ੍ਰੀ ਪੰਜਾ ਸਾਹਿਬ ਆਦਿ ਗੁਰਦੁਆਰਾ ਸਾਹਿਬਾਨ ਵਿਖੇ ਰਾਗਮਾਲਾ ਨਹੀਂ ਸੀ ਪੜ੍ਹੀ ਜਾਂਦੀ। ਅੱਜ ਤੱਕ ਕਈ ਖ਼ਾਲਸਾ ਜਥੇਬੰਦੀਆਂ, ਜਿਹਨਾਂ ਵਿੱਚ ਅਖੰਡ ਕੀਰਤਨੀ ਜੱਥਾ ਵੀ ਸ਼ਾਮਲ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਮੁੰਦਾਵਣੀ ਉੱਤੇ ਪਾਉਂਦਾ ਹੈ।

੬) ਅਖੌਤੀ 'ਜਥੇਦਾਰ' ਇਕਬਾਲ ਸਿੰਘ ਦਾ ਨਿਜ ਜੀਵਨ ਵਿਵਾਦਾਂ ਨਾਲ ਭਰਿਆ ਹੈ ਅਤੇ ਉਸ ਲਈ ਇਹ ਵਿਵਾਦ ਕੋਈ ਨਵਾਂ ਨਹੀਂ ਹੈ। ਇਹ ਉਹੀ ਸਖਸ਼ ਹੈ ਜਿਸ ਨੇ ਆਪਣੇ ਦੂਜੇ ਵਿਆਹ ਵਾਲੇ ਕੁਕਰਮ ਨੂੰ ਸਹੀ ਸਾਬਤ ਕਰਨ ਲਈ ਇਹ ਗੁਰਨਿੰਦਾ-ਮਈ ਦਲੀਲ ਦਿੱਤੀ ਸੀ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਤਿੰਨ ਪਤਨੀਆਂ ਸਨ। ਇਹ ਅਸਲ ਵਿਚ ਗੁਰ-ਨਿੰਦਕ ਹੈ ਜੋ ਕਿ ਆਪਣੇ ਕਾਮ ਦੀ ਪੂਰਤੀ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ। ਇਸ ਬਿਆਨ ਕਰਕੇ ਉਸ ਸਮੇਂ ਦੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਨੂੰ ਜਨਤਕ ਬਿਆਨ ਦੇਣਾ ਪਿਆ ਸੀ ਕਿ ਤਲਾਕ ਲਏ ਬਿਨਾਂ ਦੂਸਰਾ ਵਿਆਹ ਕਰਨਾ ਪੰਥ ਪ੍ਰਵਾਨਤ ਸਿੱਖ ਰਹਿਤ ਮਰਿਆਦਾ ਦਾ ਉਲੰਘਣ ਹੈ। ਇਹ ਉਹੀ ਸਖਸ਼ ਹੈ ਜਿਸ ਨੂੰ ਕੁਝ ਹੀ ਸਮਾਂ ਪਹਿਲਾਂ ਤਖਤ ਸ੍ਰੀ ਪਟਨਾ ਸਾਹਿਬ ਜੀ ਦੀ ਸੰਗਤ ਨੇ ਜਥੇਦਾਰੀ ਤੋਂ ਲਾਂਭੇ ਕਰ ਦਿੱਤਾ ਸੀ। ਇਹ ਉਹੀ ਅਖੌਤੀ 'ਜਥੇਦਾਰ' ਹੈ ਜਿਸ ਨੂੰ ੨੦੧੫ ਦੇ ਸਰਬੱਤ ਖਾਲਸਾ ਵਿੱਚ ਸੇਵਾ ਮੁਕਤ ਕਰਾਰ ਦਿੱਤਾ ਗਿਆ ਸੀ। ਇਕਬਾਲ ਸਿੰਘ ਨੇ ਇਹ ਵੀ ਪੇਸ਼ਨਗੋਈ ਕੀਤੀ ਸੀ ਕਿ ੨੦੧੬ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਬਾਰਾ ਆ ਰਹੇ ਹਨ ਪਰ ਹੁਣ ਦੇਖ ਲਓ ੨੦੧੬ ਗੁਜ਼ਰ ਗਿਆ ਹੈ ਪਰ ਇਸ ਪਖੰਡੀ ਦਾ ਪਖੰਡ ਨਹੀਂ ਮੁਕਿਆ ਅਤੇ ਸਾਲ ੨੦੧੭ ਚੜ੍ਹਦੇ ਹੀ ਇਸਨੇ ਪੰਥ ਵਿਚ ਫੁੱਟ ਪਾਉਣ ਵਾਲਾ ਨਵਾਂ ਚੰਦ ਚਾੜ੍ਹ ਦਿਤਾ ਹੈ।

੭) ਅਖੌਤੀ 'ਜਥੇਦਾਰ' ਇਕਬਾਲ ਸਿੰਘ ਨੇ ਕਿਸੇ ਵੀ ਰੂਪ ਵਿੱਚ ਖ਼ਾਲਸਾ ਪੰਥ ਨੂੰ ਅਗਵਾਈ ਦੇਣ ਦੀ ਭਰੋਸੇਯੋਗਤਾ ਗਵਾ ਲਈ ਹੈ। ਇਸਨੇ ਤਖਤ ਸਾਹਿਬ ਦੀ ਜਥੇਦਾਰੀ ਜਿਹੇ ਪੰਥ ਨੂੰ ਅਗਵਾਈ ਦੇਣ ਵਾਲੇ ਅਹੁਦੇ ਦਾ ਘੋਰ ਅਪਮਾਨ ਕੀਤਾ ਹੈ ਪਰ ਇਹ ਸ਼ਖਸ ਇਸ ਅਹੁਦੇ ਨੂੰ ਪੰਥ ਵਿਰੋਧੀ ਤਾਕਤਾਂ ਦੇ ਬੱਲ ਤੇ ਛੱਡ ਨਹੀਂ ਰਿਹਾ ਅਤੇ ਜ਼ਬਰਦਸਤੀ ਇਸ ਅਹੁਦੇ ਨੂੰ ਜੱਫਾ ਮਾਰ ਕੇ ਬੈਠਾ ਹੋਇਆ ਹੈ। ਇਸਦੇ ਵਿਵਾਦਗ੍ਰਸਤ ਅਤੇ ਭੜਕਾਊ ਬਿਆਨਾਂ ਨਾਲ ਪੂਰੀ ਦੁਨੀਆਂ ਦੀ ਸਿੱਖ ਸੰਗਤ, ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਹੈ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉੱਚਤਾ ਲਈ ਵਚਨ-ਬੱਧ ਹੈ, ਦਾ ਦਿਲ ਦੁਖਿਆ ਹੈ।

ਅਖੰਡ ਕੀਰਤਨੀ ਜੱਥਾ ਖਾਲਸਾ ਪੰਥ ਦਾ ਅਟੁੱਟ ਅੰਗ ਹੈ। ਜੱਥਾ ਆਪਣੀ ਹੋਂਦ ਦੇ ਆਦਿ ਕਾਲ ਤੋਂ ਹੀ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉੱਚਤਾ ਨੂੰ ਤਸਲੀਮ ਕਰਦਾ ਆਇਆ ਹੈ ਅਤੇ ਇਸਦੀ ਮਹਾਨਤਾ ਨੂੰ ਕਾਇਮ ਰੱਖਣ ਲਈ ਕੋਈ ਵੀ ਕੁਰਬਾਨੀ ਕਰਨ ਲਈ ਤਿਆਰ ਹੈ। ਅਖੰਡ ਕੀਰਤਨੀ ਜੱਥੇ ਨਾਲ ਸੰਬੰਧਤ ਗੁਰਸਿਖਾਂ ਨੇ ਸਾਰੇ ਹੀ ਪੰਥਕ ਸੰਘਰਸ਼ਾਂ ਵਿੱਚ ਮਨ ਬਚ ਕ੍ਰਮ ਨਾਲ ਸੇਵਾ ਕੀਤੀ ਹੈ ਅਤੇ ਆਪਣਾ ਤਨ, ਮਨ ਅਤੇ ਧਨ ਪੰਥ ਦੀ ਆਨ ਸ਼ਾਨ ਲਈ ਵਾਰਿਆ ਹੈ। ਜਦੋਂ ਵੀ ਪੰਥ ਤੇ ਭੀੜ ਪਈ ਹੈ, ਉਸ ਵੇਲੇ ਜਥੇ ਦੇ ਗੁਰਸਿਖਾਂ ਵਲੋਂ ਆਪਣੀਆਂ ਜਾਨਾਂ ਦੀ ਅਹੂਤੀ ਦੇ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਗਈਆਂ ਹਨ। ਤੱਤ ਗੁਰਮਤਿ ਰਹਿਤ ਰਹਿਣੀ ਦਾ ਧਾਰਣੀ ਹੋਣ ਕਰਕੇ, ਨਾਮ ਸਿਮਰਨ ਦਾ ਰਸੀਆ ਹੋਣ ਕਰਕੇ, ਅਖੰਡ ਕੀਰਤਨ ਦਾ ਆਹਾਰੀ ਹੋਣ ਕਰਕੇ, ਅਤੇ ਸਮੁਚੇ ਪੰਥ ਦੇ ਚਰਨਾਂ ਦਾ ਭੌਰਾ ਹੋਣ ਕਰਕੇ, ਸਮੁੱਚੇ ਪੰਥ ਵਲੋਂ ਅਖੰਡ ਕੀਰਤਨੀ ਜਥੇ ਨੂੰ ਅਸੀਮ ਪਿਆਰ ਤੇ ਸਤਿਕਾਰ ਦਿਤਾ ਜਾਂਦਾ ਹੈ ਜਿਸ ਕਰਕੇ ਜਥਾ ਸਦਾ ਹੀ ਰਿਣੀ ਹੈ।

ਅਸੀ ਸਮੁੱਚੇ ਖਾਲਸਾ ਪੰਥ, ਸਮੂਹ ਜਥੇਬੰਦੀਆਂ ਅਤੇ ਸੰਸਾਰ ਭਰ ਦੇ ਗੁਰਦੁਆਰਾ ਸਾਹਿਬਾਨ ਨੂੰ ਬੇਨਤੀ ਕਰਦੇ ਹਾਂ ਕਿ ਉਹ ਸਾਂਝੇ ਰੂਪ ਵਿੱਚ ਅਖੌਤੀ ਜਥੇਦਾਰ ਇਕਬਾਲ ਸਿੰਘ ਵੱਲੋਂ ੫ ਜਨਵਰੀ ੨੦੧੭ ਕੀਤੇ ਗਏ ਝੂਠੇ ਐਲਾਨ ਨੂੰ ਸਪੱਸ਼ਟ ਅਤੇ ਜ਼ੋਰਦਾਰ ਸ਼ਬਦਾਂ ਨਾਲ ਰੱਦ ਕਰਨ । ਸਾਡੀ ਇਹ ਦੋਇ ਕਰ ਜੋੜਿ ਪੁਰਜ਼ੋਰ ਅਤੇ ਸਨਿਮਰ ਬੇਨਤੀ ਹੈ ਕਿ ਆਪਾਂ ਇਸ ਸੰਕਟਮਈ ਸਮੇਂ ਆਪਣਾ ਪੂਰਨ ਭਰੋਸਾ ਅਤੇ ਅਕੀਦਾ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਰਖੀਏ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਪ੍ਰਸਤੀ ਹੇਠ ਇਕੱਠੇ ਹੋਈਏ। ਜੋ ਵੀ ਪੰਥ ਦੋਖੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਬ ਉਚਤਾ ਨੂੰ ਚੁਣੌਤੀ ਦੇਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਪੰਥ ਵਿਚ ਫੁੱਟ ਪਾਉਣ ਦਾ ਯਤਨ ਕਰ ਰਹੇ ਹਨ, ਉਹਨਾਂ ਨਾਲ ਖ਼ਾਲਸਾ ਪੰਥ ਦੀਆਂ ਰਵਾਇਤਾਂ ਅਨੁਸਾਰ ਨਿਜਿਠਿਆ ਜਾਵੇ।

ਗੁਰੂ ਗ੍ਰੰਥ ਅਤੇ ਗੁਰੂ ਪੰਥ ਦੇ ਚਰਨ ਲੋੜਦੇ।

ਦਾਸਰੇ,

ਅਖੰਡ ਕੀਰਤਨੀ ਜੱਥੇ ਦੀਆਂ ਵਿਸ਼ਵ ਭਰ ਦੀਆਂ ਸਮੂਹ ਇਕਾਈਆਂ
ਮੁੱਖ ਬੁਲਾਰਾ: ਰਾਜਿੰਦਰਪਾਲ ਸਿੰਘ (+੯੧ ੯੩੫੭ ੭੨੩ ੮੭੪)